# ਨਾਟਕ ਜੂਠ: ਸਮਾਜਿਕ ਨਿਆਂ ਲਈ ਸੰਘਰਸ਼ ਦੀ ਦਾਸਤਾ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਦਲਿਤ ਜਾਗ੍ਰਿਤੀ ਅਤੇ ਦਲਿਤ ਵਿਦਰੋਹ ਸਾਹਿਤ ਦੇ ਹੁਣ ਪ੍ਰਮੁੱਖ ਵਿਸ਼ੇ ਬਣ ਕੇ ਉਭਰ ਰਹੇ ਹਨ। ਸਦੀਆਂ ਤਕ ਜਿਨ੍ਹਾਂ ਨੇ ਦੂਜਿਆਂ ਦਾ ਮੈਲਾ ਸਿਰ ਉਤੇ ਚੁੱਕਿਆ, ਉਹ ਇੱਜ਼ਤ ਅਤੇ ਅਣਖ ਵਾਲੀ ਜ਼ਿੰਦਗੀ ਜੀਣ ਬਾਰੇ ਚੇਤਨ ਹੋ ਰਹੇ ਹਨ। ਇਸ ਪ੍ਰਸੰਗ ਵਿਚ ਦੋ ਕਿਤਾਬਾਂ, ਇਕ ਓਮ ਪ੍ਰਕਾਸ਼ ਬਾਲਮੀਕੀ ਦੀ ਆਤਮ ਕਥਾ ਦੇ ਰੂਪ ਵਿਚ ਨਾਵਲ, 'ਜੂਠ' ਅਤੇ ਦੂਜੀ ਲਾਲ ਸਿੰਘ ਦਿਲ ਦੀ ਆਤਮ ਕਥਾ 'ਦਾਸਤਾਨ' ਪਿਛਲੇ ਕੁਝ ਸਮੇਂ ਵਿਚ ਚਰਚਾ ਦਾ ਵਿਸ਼ਾ ਬਣੀਆਂ ਹਨ। ਇਹ ਦੋਵੇਂ ਕਿਤਾਬਾਂ ਚੇਤਨਾ ਪ੍ਰਕਾਸ਼ਨ ਵਲੋਂ ਛਾਪੀਆਂ ਗਈਆਂ ਹਨ। ਦੋਨਾਂ ਵਿਚ ਦਲਿਤ ਵਰਗ ਦੀ ਤ੍ਰਾਸਦੀ ਦੀ ਗੱਲ ਕੀਤੀ ਗਈ ਹੈ ਜਿਨ੍ਹਾਂ ਦੇ ਬੱਚਿਆਂ ਨੂੰ ਬਚਪਨ ਤੋਂ ਹੀ ਜ਼ਿਲਤ ਅਤੇ ਨਮੋਸ਼ੀ ਦੀ ਜ਼ਿੰਦਗੀ ਬਿਤਾਣੀ ਪੈਂਦੀ ਹੈ। 'ਜੂਠ' ਦਾ ਜ਼ਿਕਰ ਇਥੇ ਖਾਸ ਤੌਰ 'ਤੇ ਕੀਤਾ ਜਾ ਰਿਹਾ ਹੈ ਕਿਉਂਕਿ ਇਸ ਦਾ ਨਾਟਕੀ ਰੂਪ ਪਹਿਲੀ ਮਈ, 1999 ਪਲਸ ਮੰਚ ਦੇ ਸਾਰੀ ਰਾਤ ਦੇ ਨਾਟਕ ਮੇਲੇ ਵਿਚ ਇਕ-ਪਾਤਰੇ ਨਾਟਕ ਰਾਹੀਂ ਬੜੀ ਸਫਲਤਾ ਨਾਲ ਚੇਤਨਾ ਮੰਚ ਚਮਕੌਰ ਸਾਹਿਬ ਦੇ ਕਲਾਕਾਰ ਸੈਮੂਅਲ ਜੌਨ ਵਲੋਂ ਖੇਡਿਆ ਗਿਆ।

ਪਲਸ ਮੰਚ ਦਾ ਇਹ ਨਾਟਕ ਮੇਲਾ ਪਿਛਲੇ 15 ਸਾਲਾਂ ਤੋਂ ਬਾਕਾਇਦਗੀ ਨਾਲ ਹਰ ਪਹਿਲੀ ਮਈ ਦੀ ਰਾਤ ਲੁਧਿਆਣਾ ਵਿਖੇ ਪੰਜਾਬੀ ਭਵਨ ਦੇ ਖੁੱਲ੍ਹੇ ਮੰਚ ਉਤੇ ਹੁੰਦਾ ਹੈ ਅਤੇ ਇਹ ਹਰ ਲਿਹਾਜ਼ ਨਾਲ ਇਨਕਲਾਬੀ ਲਹਿਰ ਦਾ ਨਾਟਕ ਮੇਲਾ ਹੁੰਦਾ ਹੈ। ਪੰਜਾਬ ਭਰ ਤੋਂ ਇਨਕਲਾਬੀ ਲਹਿਰ ਨਾਲ ਜੁੜੇ ਲੋਕ ਇਸ ਨਾਟਕ ਮੇਲੇ ਉਤੇ ਆਉਂਦੇ ਹਨ। ਬੜੇ ਔਖੇ ਸਮਿਆਂ ਵਿਚ ਜਦੋਂ ਪੰਜਾਬ ਵਿਚ ਸਭਿਆਚਾਰਕ ਸਰਗਰਮੀਆਂ ਅਸੰਭਵ ਹੋ ਗਈਆਂ ਸਨ, ਇਹ ਮੇਲਾ ਹੁੰਦਾ ਰਿਹਾ ਸੀ ਕਿਉਂਕਿ ਇਹ ਮੇਲਾ ਇਨਕਲਾਬੀ ਲਹਿਰ ਲਈ ਇਮਾਨ ਦਾ ਦਰਜਾ ਰੱਖਦਾ ਸੀ।

ਇਸ ਵਾਰ ਇਸ ਨਾਟਕ ਮੇਲੇ ਉਤੇ ਪੰਜ ਨਾਟਕ ਕੀਤੇ ਗਏ। ਇਨ੍ਹਾਂ ਵਿਚ ਨਾਟਕ 'ਵੀਰਾਨ ਧਰਤੀ ਵੀਰਾਨ ਲੋਕ', 'ਯਾਰੜੇ ਦਾ ਸੱਥਰ', 'ਜਦੋਂ ਕਵਿਤਾ ਉਦਾਸ ਹੁੰਦੀ ਹੈ', 'ਜੂਠ' ਅਤੇ 'ਸਾਜ਼ਿਸ਼' ਸ਼ਾਮਲ ਸਨ। ਇਹ ਸਾਰੇ ਨਾਟਕ ਵਿਸ਼ੇ ਦੇ ਪੱਖ ਤੋਂ ਇਨਕਲਾਬੀ ਸੋਚ ਦੀ ਪਹਿਰੇਦਾਰੀ ਕਰਦੇ ਸਨ। ਸੱਤ ਹਜ਼ਾਰ ਤੋਂ ਵੱਧ ਦਰਸ਼ਕਾਂ ਨੇ ਇਨ੍ਹਾਂ ਨਾਟਕਾਂ ਨੂੰ ਭਰਪੂਰ ਹੁੰਗਾਰਾ ਦਿੱਤਾ। ਜੂਠ ਨੇ ਵਿਸ਼ੇਸ਼ ਪ੍ਰਸੰਸਾ ਲਈ।

ਜੂਠ ਨਾਟਕ ਓਮ ਪ੍ਰਕਾਸ਼ ਬਾਲਮੀਕੀ ਦੀ ਆਤਮ ਕਥਾ ਹੈ। ਮੁਢਲੀ ਪਹਿਚਾਣ ਤੋਂ ਬਾਅਦ ਪਾਤਰ ਆਪਣੀਆਂ ਬਚਪਨ ਦੀਆਂ ਯਾਦਾਂ ਦਰਸ਼ਕਾਂ ਨਾਲ ਸਾਂਝੀਆਂ ਕਰਦਾ ਹੈ। ਇਸ ਦੇਸ਼ ਦਾ ਜੋ ਵਰਤਾਰਾ ਚੱਲ ਰਿਹਾ ਹੈ, ਉਸ ਵਿਚ ਨਿਮਨ ਵਰਗ ਦੇ ਲੋਕਾਂ ਨੂੰ ਹਰ ਪੜਾਅ ਉਤੇ ਅਪਮਾਨ ਸਹਿਣਾ ਪੈਂਦਾ ਹੈ ਪਰ ਬਚਪਨ ਦੇ ਮਾਸੂਮ ਮਨਾਂ ਉਤੇ ਕੀ ਪ੍ਰਤੀਕਰਮ ਹੁੰਦਾ ਹੈ, ਇਹ ਇਸ ਨਾਟਕ ਵਿਚ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਸੈਮੂਅਲ ਨੇ ਪੇਸ਼ ਕੀਤਾ।

ਸਕੂਲ ਵਿਚ ਵਾਪਰੀਆਂ ਘਟਨਾਵਾਂ ਨੂੰ ਇਕ ਪਾਤਰ ਅਭਿਨੈ ਰਾਹੀਂ ਸੈਮੂਅਲ ਨੇ ਵਿਦਿਆਰਥੀ ਅਤੇ ਅਧਿਆਪਕ ਦਰਮਿਆਨ ਹੋਈਆਂ ਵਾਰਤਾਲਾਪਾਂ ਨੂੰ ਪੇਸ਼ ਕੀਤਾ। ਇਕੋ ਵਕਤ ਉਹ ਅਧਿਆਪਕ ਵੀ ਸੀ ਅਤੇ ਇਕ ਮਾਸੂਮ ਭੋਲਾ ਵਿਦਿਆਰਥੀ ਵੀ ਸੀ। ਵਿਦਿਆਰਥੀ ਨੂੰ ਸਮਝ ਨਹੀਂ ਆ ਰਹੀ ਕਿ ਉਹਦੇ ਨਾਲ ਭੈੜਾ ਸਲੂਕ ਕਿਉਂ ਕੀਤਾ ਜਾ ਰਿਹਾ ਹੈ। ਉਹਦੀ ਮਾਂ ਨੇ ਤਾਂ ਬੜੇ ਚਾਅ ਨਾਲ ਉਸ ਨੂੰ ਸਕੂਲ ਭੇਜਿਆ ਸੀ। ਇਸੇ ਤਰ੍ਹਾਂ ਬਾਲ ਓਮ ਪ੍ਰਕਾਸ਼ ਦੀ ਮਾਂ ਨਾਲ ਵਾਰਤਾਲਾਪ ਹੈ, ਜਿਥੇ ਉਹਦਾ ਸਵਾਲ ਹੈ ਕਿ ਉਨ੍ਹਾਂ ਨੂੰ ਦੂਜਿਆਂ ਦੀ ਜੂਠ ਕਿਉਂ ਖਾਣੀ ਪੈਂਦੀ ਹੈ। ਉਹਦੇ ਵਲੋਂ ਪੁੱਛਿਆ ਸਵਾਲ ਅਸਲ ਵਿਚ ਇਸ ਸਾਰੇ ਨਿਜ਼ਾਮ ਉਤੇ ਇਕ ਕਟਾਖਸ਼ ਹੈ। ਜਿਹੜਾ ਵਾਰ ਵਾਰ ਦਰਸ਼ਕਾਂ ਨੂੰ ਵੰਗਾਰ ਰਿਹਾ ਹੈ ਕਿ ਜਿਸ ਨਿਜ਼ਾਮ ਵਿਚ ਉਹ ਜੀਅ ਰਹੇ ਹਨ, ਉਹ ਅਣਖ ਵਾਲੇ ਬੰਦਿਆਂ ਦੇ ਜੀਣ ਦੇ ਕਾਬਿਲ ਨਹੀਂ ਹੈ।

ਨਾਟਕ ਕਲਾ ਦਾ ਇਹ ਰੂਪ ਹੁਣ ਬਹੁਤ ਸਾਰੇ ਕਲਾਕਾਰ ਅਪਣਾ ਰਹੇ ਹਨ ਕਿ ਉਹ ਕਿਸ ਨਾਵਲ ਜਾਂ ਕਹਾਣੀ ਨੂੰ ਕਥਾ ਵਾਂਗ ਪੇਸ਼ ਕਰਨ। ਸੈਮੂਅਲ ਨੇ ਇਸ ਇਕ-ਪਾਤਰੀ ਕਲਾ ਨੂੰ ਬੜੀ ਸ਼ਿੱਦਤ ਨਾਲ ਅਪਣਾਇਆ ਹੈ। ਦਰਸ਼ਕਾਂ ਨੇ ਸਾਹ ਰੋਕ ਕੇ ਉਹਦੀ ਇਕ ਇਕ ਵਾਰਤਾਲਾਪ ਦੇ ਅਸਰ ਨੂੰ ਕਬੂਲਿਆ।

ਕੁਝ ਸਾਲ ਪਹਿਲਾਂ ਮੈਨੂੰ ਨਿਊਯਾਰਕ ਵਿਚ ਇਕ ਅਮਰੀਕਨ ਕਾਲੇ ਲੋਕਾਂ ਦੀ ਨਾਟਕ ਵਰਕਸ਼ਾਪ ਵਿਚ ਹਾਜ਼ਰ ਹੋਣ ਦਾ ਮੌਕਾ ਮਿਲਿਆ। ਅਮਰੀਕਨ ਕਾਲੇ ਅਭਿਨੈ ਕਲਾ ਦੇ ਬੜੇ ਮਾਹਿਰ ਹਨ। ਉਹ ਬਹੁਤ ਕੁਝ ਆਪਣੀ ਸਰੀਰਕ ਮੁਦਰਾ ਨਾਲ ਪੇਸ਼ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਬੋਲੀ ਰਾਹੀਂ ਸੰਚਾਰ ਵਿਚ ਦਿੱਕਤ ਆਉਂਦੀ ਹੈ। ਉਥੇ ਇਕ ਕਲਾਕਾਰ ਨੇ ਇਕ ਪਾਦਰੀ ਦੀ ਨਕਲ ਪੇਸ਼ ਕੀਤੀ। ਉਹ ਪਾਦਰੀ ਆਪਣੇ ਮਤਲਬ ਦੀ ਜਾਂ ਕਹਿ ਲਵੋ ਆਪਣੇ ਹਿੱਤ ਦੀ ਗੱਲ ਕਹਿਣ ਲਗਿਆਂ ਹੋਰ ਤਰ੍ਹਾਂ ਬੋਲਦਾ ਸੀ ਅਤੇ ਵਿਰੋਧੀ ਦੀ ਗੱਲ ਪੇਸ਼ ਕਰਨ ਲਗਿਆਂ ਉਹਦਾ ਲਹਿਜਾ ਬਿਲਕੁਲ ਉਲਟ ਹੁੰਦਾ ਸੀ। ਐਕਟਰ ਦੇ ਸਰੀਰ ਦੀ ਲੱਚਕ ਅਤੇ ਚਿਹਰੇ ਦੇ ਪ੍ਰਭਾਵ ਸਭ ਕੁਝ ਪੇਸ਼ ਕਰਦੇ ਸਨ। ਸੈਮੂਅਲ ਵਿਚ ਵੀ ਉਹ ਪ੍ਰਤਿਭਾ ਵੇਖਣ ਨੂੰ ਮਿਲੀ। ਇਕ ਪਾਤਰ ਹੀ ਵੱਖ ਵੱਖ
ਮੁਦਰਾਵਾਂ ਵਿਚ ਆ ਕੇ ਪੂਰੀ ਕਥਾ ਨੂੰ ਪ੍ਰ
ਤਰੀਕੇ ਨਾਲ ਸੁਣਾ ਰਿਹਾ ਸੀ।
ਯੂਨੀਵਰਸਿਟੀ ਦੇ ਥੀਏਟਰ ਡਿਪਾਰ
ਸਿਖਲਾਈ ਸੈਮੂਅਲ ਦੀ ਅਭਿਨੈ
ਬੋਲ ਰਹੀ ਸੀ। ਇਸ ਤੋਂ ਪਹਿਲਾਂ ਬਿ
ਦੀ ਉਤਮ ਕਲਾ ਦਾ ਨਮੂਨਾ ਡਿਪਾਰ
ਇਕ ਹੋਰ ਕਲਾਕਾਰ ਰਨਬੀਰ ਰ
ਵੇਖਣ ਨੂੰ ਮਿਲਿਆ ਸੀ, ਜਦੋਂ ਉਹਨ
ਕਵਿਤਾ ਨੂੰ ਇਕ-ਪਾਤਰੀ ਨਾਟਕ ਰ
ਕੀਤਾ ਸੀ। ਪੰਜਾਬੀ ਨਾਟਕ ਵਿਚ ਬਿ
ਆਪਣੇ-ਆਪ ਵਿਚ ਇਕ ਸਿਹਤਮੰਦ
ਕਿਉਂਕਿ ਇਸ ਰਾਹੀਂ ਬਹੁਤ ਸਾਰੀਆਂ
ਕ੍ਰਿਤਾਂ ਜਿਨ੍ਹਾਂ ਦਾ ਨਾਟਕੀਕਰਨ ਮੁਸ਼
ਹੈ, ਪੇਸ਼ ਕੀਤੀਆਂ ਜਾ ਸਕਣਗੀਆਂ

ਸਾਡੇ ਦੇਸ਼ ਵਿਚ ਸਮਾਜਿਕ ਨਿ
ਸੰਘਰਸ਼ ਹੁਣ ਰਾਜਸੀ ਏਜੰਡੇ ਉਤੇ ਅ
ਹੈ। ਇਸ ਸੰਘਰਸ਼ ਨੂੰ ਵੱਧ ਤੋਂ ਵੱਧ
ਪੁਚਾਣ ਲਈ ਨਾਟਕ ਇਕ ਸ਼ਕਤੀਸ਼ਾ
ਹੈ ਅਤੇ ਇਸ ਵਿਧਾ ਵਿਚ ਇਹ ਇਕ
ਨਾਟਕੀ ਰੂਪ ਹੋਰ ਵੀ ਲਾਹੇਵੰਦ
ਕਿਉਂਕਿ ਬੜੀ ਸਾਦਗੀ ਨਾਲ ਸਮਾਜਿ
ਦਾ ਸੁਨੇਹਾ ਬਹੁਤੇ ਤੋਂ ਬਹੁਤੇ ਲੋ
ਪੁਚਾਇਆ ਜਾ ਸਕਦਾ ਹੈ।

ਉਨ੍ਹਾਂ ਲੋਕਾਂ ਲਈ ਜੋ ਇਸ ਗੱਲ ਦ
ਹਨ ਕਿ ਸਾਹਿਤਕਾਰਾਂ ਅਤੇ ਕਲਾਕਾਰ
ਵਿਚ ਜਾ ਕੇ ਕੰਮ ਕਰਨਾ ਚਾਹੀਦਾ ਹੈ
ਵਿਤਕਰੇ ਵਾਲੇ ਗਲਤ ਨਿਜ਼ਾਮ ਨੂੰ ਖਤ
ਲਈ ਸਰਗਰਮ ਦਖ਼ਲਅੰਦਾਜ਼ੀ ਕਰਨੀ
ਹੈ, 'ਜੂਠ' ਨਾਟਕ ਦੀ ਪੇਸ਼ਕਾਰ
ਮਾਰਗਦਰਸ਼ਕ ਦੀ ਭੂਮਿਕਾ ਨਿ
ਸੈਮੂਅਲ ਇਸ ਪੇਸ਼ਕਾਰੀ ਲਈ ਵ
ਪਾਤਰ ਹੈ। ਉਮੀਦ ਕੀਤੀ ਜਾ ਸਕਦ
ਪਲਸ ਮੰਚ ਇਹੋ ਜਿਹੀਆਂ ਪੇਸ਼ਕਾਰੀਆਂ
ਇਨਕਲਾਬੀ ਸਭਿਆਚਾਰ ਦੀ ਪੂਰੀ ਪ
ਕਰੇਗਾ।